# ਅਧੂਰਿਆਂ ਗੀਤ

ਐਸ. ਐਸ. ਬਾਟਲੀ ਵਾਲਾ

ਅਨੁਵਾਦਿਕ

ਪਿਆਰਾ ਸਿੰਘ 'ਸਹਿਰਾਈ'

ਬਲਵੰਤ ਸਿੰਘ 'ਬਾਗ਼ੀ' ਬੀ. ਏ.

ਪ੍ਰੋਗ੍ਰੈਸਿਵ ਪਬਲਿਸ਼ਰਜ਼

੧੧੪, ਮੈਕਲੋਡ ਰੋਡ, ਲਾਹੌਰ

ਸਭ ਹੱਕ ਰਾਖਵੇਂ ਹਨ

ਪਹਿਲੀ ਵਾਰ
੧੯੪੪

ਪ੍ਰਿੰਟਰ : ਸ: ਗੁਰਬਖ਼ਸ਼ ਸਿੰਘ, ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ
ਪਬਲਿਸ਼ਰ : ਪਿਆਰਾ ਸਿੰਘ ਸਹਿਰਾਈ, ਪ੍ਰੀਤ ਨਗਰ

ਮਹਾਨ ਹਿੰਦੁਸਤਾਨੀ ਦੇਸ਼ ਭਗਤ

## ਡਾ: ਦਵਾਰਕਾ ਨਾਥ ਸ਼ਾਂਤਾ ਰਾਮ ਕੋਟਨਿਸ ਨੂੰ ਸਮਰਪਨ

ਜਿਹੜਾ ੯ ਦਸੰਬਰ ੧੯੪੨ ਨੂੰ ਪੱਛਮੀ ਹੋਪੇ (ਚੀਨ) ਦੇ ਸ਼ਹਿਰ ਕੋ-ਕੁੰਗ ਵਿਚ ਆਪਣੇ ਦੇਸ਼ ਵਲੋਂ ਸੌਂਪੇ ਕੰਮ, ਚੀਨੀ ਜਨਤਾ ਦੀ ਆਜ਼ਾਦੀ ਦੇ ਘੋਲ ਵਿਚ ਮਦਦ ਕਰਦਾ ਹੋਇਆ, ਚਲਾਣਾ ਕਰ ਗਿਆ।

"ਡਾ: ਕੋਟਨਿਸ ਦੀ ਯਾਦ ਸਿਰਫ਼ ਸਾਡੀਆਂ ਦੋ ਮਹਾਨ ਕੌਮਾਂ ਦੀ ਹੀ ਪੂੰਜੀ ਨਹੀਂ, ਸਗੋਂ ਸਾਰੀ ਮਨੁੱਖਤਾ ਦੀ ਆਜ਼ਾਦੀ ਤੇ ਉੱਨਤੀ ਲਈ ਲੜ ਰਹੇ ਸਾਰੇ ਫੌਲਾਦੀ ਸੰਗਰਾਮੀਆਂ ਦੀ ਮਲਕੀਅਤ ਹੈ। ਭਵਿਖ ਵਰਤਮਾਨ ਨਾਲੋਂ ਵੀ ਵਧੇਰੇ ਉਹਦੀ ਇੱਜ਼ਤ ਕਰੇਗਾ, ਕਿਉਂਕਿ ਉਹ ਭਵਿਖ ਲਈ ਹੀ ਲੜਿਆ ਤੇ ਕੁਰਬਾਨ ਹੋਇਆ।"

— ਮੈਡਮ ਸੁਨ-ਯਤ-ਸੇਨ

# ਪ੍ਰਵੇਸ਼

ਚੀਨ ਸਾਡਾ ਗੁਆਂਢੀ ਦੇਸ਼ ਹੈ। ਮੁਢ ਕਦੀਮ ਤੋਂ ਸਾਡੀ ਇਸ ਨਾਲ ਮਿਤ੍ਰਤਾ ਚਲੀ ਆਉਂਦੀ ਹੈ। ਇਤਿਹਾਸ ਨੇ ਕਦੇ ਸਾਡਾ ਤੇ ਚੀਨੀਆਂ ਦਾ ਭੇੜ ਨਹੀਂ ਵੇਖਿਆ, ਅਸਾਂ ਕਦੇ ਇਕ ਦੂਜੇ ਦਾ ਲਹੂ ਨਹੀਂ ਡੋਲ੍ਹਿਆ, ਇਕ ਦੂਜੇ ਦੇ ਸੱਥਰ ਨਹੀਂ ਲਾਹੇ। ਸਾਡਾ ਚੀਨ ਨਾਲ ਮੇਲ ਮਿਲਾਪ ਤੇ ਭਰੱਪਣ ਦਾ ਨਾਤਾ ਪੁਰਾਣਾ ਹੈ, ਬਹੁਤ ਪੁਰਾਣਾ, ਉਤਨਾ ਹੀ ਪੁਰਾਣਾ ਜਿਤਨੀ ਪੁਰਾਣੀ ਸਾਡੇ ਦੋ ਦੇਸ਼ਾਂ ਦੀ ਸਭਿਅਤਾ ਹੈ। ਅਤੇ ਇਹ ਸਾਡਾ ਦੋਹਾਂ ਦਾ ਸਾਂਝਾ ਮਾਣ ਹੈ ਕਿ ਸਾਡੀ ਸਭਿਅਤਾ ਸੰਸਾਰ ਇਤਿਹਾਸ ਦੀਆਂ ਪਹਿਲੀਆਂ ਜਾਣੀਆਂ ਜਾਂਦੀਆਂ ਘੜੀਆਂ ਜਿੰਨੀ ਪੁਰਾਣੀ ਹੈ।

ਸਾਡੀ ਸਭਿਅਤਾ ਜਿੰਨੀਆਂ ਪੁਰਾਣੀਆਂ ਹੀ ਸਾਡੀਆਂ ਸਾਂਝਾਂ ਹਨ। ਹਿੰਦ ਇਤਹਾਸ ਦੇ ਪਹਿਲੇ ਪੱਤਰੇ ਚੀਨੀ ਸੈਲਾਨੀਆਂ ਦੀਆਂ ਯਾਤਰਾ-ਪੋਥੀਆਂ ਵਿਚ ਅੰਕਿਤ ਹੋਏ। ਉਹਨਾਂ ਸੈਲਾਨੀਆਂ ਨੇ ਸਾਡੇ ਦੋ ਦੇਸ਼ਾਂ ਦੇ ਸਭਿਆਚਾਰਕ ਵਟਾਂਦਰੇ ਦੀ ਨੀਂਹ ਰਖੀ। ਏਸ਼ੀਆ ਦੇ ਚਾਨਣ, ਸ਼ਾਂਤਮਈ ਦੇ ਪਹਿਲੇ ਰਹਿਬਰ, ਮਹਾਤਮਾ ਬੁਧ ਦਾ ਫਲਸਫਾ ਉਜਾਗਰ ਤਾਂ ਹਿੰਦੁਸਤਾਨ ਵਿਚ ਹੋਇਆ, ਪਰ ਇਸ ਦਾ ਸਭ ਤੋਂ ਬਾਹਲਾ ਪਸਾਰਾ ਚੀਨ ਵਿਚ ਪਸਰਿਆ। ਬੁਧ ਮਤ ਦੇ ਪਰਚਾਰ ਨੇ ਹਿੰਦ ਤੇ ਚੀਨ ਦੇ ਦਵੱਲੀ ਰਿਸ਼ਤੇ ਨੂੰ ਹੋਰ ਵੀ ਪਕਿਆਂ ਕਰ ਦਿਤਾ।

ਸਮੇਂ ਦੇ ਗੇੜ ਨੇ ਸਾਡੇ ਦੋ ਦੇਸ਼ਾਂ ਨੂੰ ਆਪਣੀ ਪਹਿਲੀ ਮੋਢੀਆਂ ਵਾਲੀ, ਅਗੇ-ਲਗੂਆਂ ਵਾਲੀ ਪਦਵੀ ਤੋਂ ਪਿਛੇ ਸਰਕਦੇ ਡਿਠਾ। ਪਹਿਲੀਆਂ ਵਿਚ ਅਸਾਂ ਸੰਸਾਰ-ਸਭਿਅਤਾ ਦੇ ਮੋਢੀ ਹੋਣ ਦਾ ਸਾਂਝਾ ਨਾਮਣਾ ਖਟਿਆ ਸੀ, ਹੁਣ ਅਸੀ ਦੋਵੇਂ ਹੀ ਉਨਤੀ ਦੀ ਦੌੜ ਵਿਚ ਪਛਾੜੇ ਗਏ। ਪੱਛਮ ਵਿਚ ਸਰਮਾਏਦਾਰੀ ਵਿਕਾਸ ਨੇ ਜਾਗੀਰਸ਼ਾਹੀ ਨੂੰ ਤਬਾਹ ਕਰ ਦਿਤਾ ਅਤੇ ਉਨਤੀ ਦਾ ਇਕ ਵਿਸ਼ਾਲ ਗੱਡੀ-ਰਾਹ ਖੋਹਲ ਦਿਤਾ ਪਰ ਸਾਡੇ ਦੋ ਦੇਸ਼ ਆਪਣੀ ਪੁਰਾਤਨ ਆਰਥਕਤਾ ਦੀ ਜਿਲ੍ਹਣ ਵਿਚ ਫਸੇ ਰਹੇ। ਜਾਗੀਰਸ਼ਾਹੀ ਤੇ ਆਪਾ-ਪੂਰਣ ਪੇਂਡੂ ਆਰਥਕਤਾ ਨੇ ਸਾਡੀ ਉਨਤੀ ਨੂੰ ਬੰਨ੍ਹ ਪਾ ਲਿਆ। ਪੱਛੋਂ ਦੀ ਸਰਮਾਏਦਾਰੀ ਵਧ ਫੁਲ ਕੇ ਜਵਾਨ ਹੋਈ, ਉਹਨੇ ਆਪਣੇ ਪਿਦਰੀ ਦੇਸ਼ਾਂ ਤੋਂ ਬਾਹਰ ਪੈਰ ਪਸਾਰਨੇ ਸ਼ੁਰੂ ਕੀਤੇ। ਸਾਡੇ ਦੋ ਦੇਸ਼ ਪਿਛੇ-ਰਹਿ-ਚੁਕੀ ਆਰਥਕਤਾ ਦਿਆਂ ਜ਼ੰਜੀਰਾਂ ਨਾਲ ਜਕੜੇ ਹੋਣ ਕਰ ਕੇ ਡਾਢੇ ਨਿਢਾਲ ਹੋ ਚੁਕੇ ਸਨ। ਇਹ ਵਧਦੀ ਸਾਮਰਾਜਸ਼ਾਹੀ ਦਾ ਸੌਖਾ ਸ਼ਿਕਾਰ ਬਣ ਗਏ। ਛੋਟੇ ਵਪਾਰ ਤੋਂ ਸ਼ੁਰੂ ਹੋ ਉਸ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿਤੇ। ਛੇਤੀ ਹੀ ਅਸੀ ਦੋਵੇਂ ਸਾਮਰਾਜੀ ਗੁਲਾਮੀ ਦੇ ਡੂੰਘੇ ਪਰਛਾਵਿਆਂ ਹੇਠ ਚਲੇ ਗਏ।

ਉਨ੍ਹਵੀਂ ਸਦੀ ਦੇ ਅੰਤ ਤੇ ਵੀਹਵੀਂ ਸਦੀ ਦੇ ਸ਼ੁਰੂ ਨੇ ਸਾਡੇ ਦੋਂਹ ਦੇਸ਼ਾਂ ਨੂੰ ਜਾਗਰਤਾ ਦੀ ਪਹੁਲ ਦੇ ਪਹਿਲੇ ਘੁਟ ਪੀਂਦੇ ਡਿਠਾ। ਦੋਹਾਂ ਦੇਸ਼ਾਂ ਵਿਚ ਮਹਾਨ ਕੌਮੀ ਲਹਿਰਾਂ ਦਾ ਜਨਮ ਹੋਇਆ, ਮਨੁਖਤਾ ਜਾਗੀ, ਉਸ ਨੇ ਸੰਗਰਾਮ ਕੀਤਾ ਪਰਦੇਸੀ ਸਾਮਰਾਜੀਆਂ ਤੋਂ ਛੁਟਕਾਰਾ ਪਾਉਣ ਲਈ ਤੇ ਦੇਸੀ ਜਾਗੀਰਸ਼ਾਹੀ ਦੇ ਵੱਟਾਂ ਬੰਨੇ ਢੋਹ ਕੇ ਸਾਰੀ ਧਰਤੀ ਪਧਰਾਉਣ ਲਈ।



ਚੀਨ ਵਿਚ ਇਹ ਅਮਰ ਸੰਗਰਾਮ ਜਿਨ੍ਹਾਂ ਪੜਾਵਾਂ ਤੇ ਘਾਟੀਆਂ ਤੋਂ ਲੰਘਿਆ, ਉਹਨਾਂ ਤੇ ਇਕ ਮੋਟੀ ਜਹੀ ਨਜ਼ਰ ਦੁੜਾਉਣੀ ਜ਼ਰੂਰੀ ਹੈ।

੧੯੧੧ ਵਿਚ ਚੀਨ ਵਿਚ ਪਹਿਲਾ ਇਨਕਲਾਬ ਹੋਇਆ। ਪੁਰਾਣੀ ਚਲੀ ਆਉਂਦੀ ਬਾਦਸ਼ਾਹੀ ਦਾ ਖ਼ਾਤਮਾ ਤਾਂ ਹੋ ਗਿਆ, ਪਰ ਇਕ ਜਮਹੂਰੀ ਕੇਂਦਰ ਨਾ ਬਣ ਸਕਿਆ। ਸੂਬੇ ਸੂਬੇ ਵਿਚ ਜਾਗੀਰਸ਼ਾਹੀ ਰਜਵਾੜਿਆਂ ਨੇ ਆਪਣੀਆਂ ਫੌਜਾਂ ਬਣਾ ਲਈਆਂ ਤੇ ਉਹ ਇਲਾਕੇ ਮੱਲ ਕੇ ਬਹਿ ਗਏ। ਚੀਨੀ ਕੌਮੀ ਲਹਿਰ ਦੇ ਜਨਮ ਦਾਤਾ ਸੁਨ-ਯਤ ਸੇਨ ਨੇ ਇਕ ਮਹਾਨ ਕੌਮੀ ਲਹਿਰ ਖੜੀ ਕੀਤੀ, ਆਪਣੀ ਪਾਰਟੀ ਕੁਮਿਨਤਾਂਗ ਨੂੰ ਦੇਸ਼ ਦੀਆਂ ਸਾਰੀਆਂ ਰਾਜਸੀ ਪਾਰਟੀਆਂ, ਧੜਿਆਂ ਤੇ ਗਰੋਹਾਂ ਦਾ ਇਕ ਸਾਂਝਾ ਫਰੰਟ ਬਣਾਇਆ। ਉਸ ਨੇ ਆਪਣੀ ਸਮੁਚੀ ਪਾਲਸੀ ਦੇ ਤਿੰਨ ਵਡੇ ਮੰਤਵ: (੧) ਚੀਨ ਦੀ ਏਕਤਾ, (੨) ਸੋਵੀਅਟ ਯੂਨੀਅਨ ਨਾਲ ਮਿਤ੍ਰਤਾ ਅਤੇ (੩) ਪ੍ਰਦੇਸੀ ਸਾਮਰਾਜੀਆਂ ਖ਼ਾਸ ਕਰ ਜਾਪਾਨ ਵਿਰੁਧ ਲਗਾਤਾਰ ਇਕ-ਮੁਠ ਸੰਗਰਾਮ। ਚੀਨ ਦੀ ਏਕਤਾ ਨੂੰ ਉਹਨੇ ਤਿੰਨ ਲੋਕ ਅਸੂਲਾਂ ਦੇ ਨਾਹਰੇ ਵਿਚ ਅੰਕਿਤ ਕਰ ਦਿਤਾ: ਦੇਸ਼ਭਗਤੀ, ਲੋਕ-ਰਾਜ ਤੇ ਲੋਕਾਂ ਦੀ ਰੋਜ਼ੀ। ਕਮਿਊ-ਨਿਸਟਾਂ ਨਾਲ ਗੂੜ੍ਹੇ ਮੇਲ ਜੋਲ ਨੂੰ ਉਸ ਨੇ ਸਦਾ ਆਪਣੀ ਪਾਲਸੀ ਦਾ ਜ਼ਰੂਰੀ ਅੰਗ ਸਮਝਿਆ, ਕੁਮਿਨਟਾਂਗ ਵਿਚ ਗਰਮ ਦਲ ਨੂੰ ਸਦਾ ਉਸ ਦੀ ਯੋਗ ਥਾਂ ਦਿਤੀ, ਆਪਣੀ ਇਸ ਪਾਲਸੀ ਨਾਲ ਉਸ ਨੇ ਸਾਰੇ ਚੀਨ ਨੂੰ ਜਗਾ ਕੇ ਇਕ ਭਾਰੀ ਇਨਕਲਾਬ ਵਿਚ ਠੇਲ੍ਹ ਦਿਤਾ। ੧੯੨੪ ਤੋਂ ੨੭ ਤਕ ਹੋਏ ਇਸ ਜਮਹੂਰੀ ਇਨਕਲਾਬ ਨੇ ਜਾਗੀਰਸ਼ਾਹੀ ਰਜਵਾੜਿਆਂ ਦੀ ਤਾਕਤ ਤੋੜ ਦਿਤੀ ਅਤੇ ਇਕ ਮਜ਼ਬੂਤ ਚੀਨੀ ਪੰਚੈਤ ਦੀ ਨੀਂਹ ਰਖੀ।

ਪਰ ਸੁਨ-ਯਤ-ਸੇਨ ਦੇ ੧੯੨੫ ਵਿਚ ਬੇਵਕਤ ਚਲਾਣਾ ਕਰ ਜਾਣ ਕਰ ਕੇ ਇਨਕਲਾਬ ਦੀ ਸਮਾਪਤੀ ਤੋਂ ਝਟ ਪਿਛੋਂ ਕੁਮਿਨਟਾਂਗ ਦੇ ਪਿਛੇ-ਖਿਚੂ ਧੜੇ ਨੇ ਏਸ ਕੌਮੀ ਜਥੇਬੰਦੀ ਤੇ ਕਬਜ਼ਾ ਕਰ ਲਿਆ। ਨਾਲੇ ਇਸ ਨੂੰ ਕੌਮੀ ਫਰੰਟ ਦੀ ਥਾਂ ਨਿਰੀ ਸਰਮਾਏਦਾਰੀ ਤੇ ਜਾਗੀਰਦਾਰੀ ਲਾਭਾਂ ਦੀ ਪ੍ਰਤੀਨਿਧ ਜਥੇਬੰਦੀ ਵਿਚ ਬਦਲ ਦਿਤਾ ਅਤੇ ਕਮਿਊਨਿਸਟ ਪਾਰਟੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਕਮਿਊਨਿਸਟਾਂ ਤੇ ਹੋਰ ਜਮਹੂਰੀ ਅਨਸਰਾਂ ਵਿਰੁਧ ਇਕ ਖ਼ੂਨੀ ਸੰਗਰਾਮ ਸ਼ੁਰੂ ਕਰ ਦਿਤਾ। ਇਹ ਘਰੋਗੀ ਜੰਗ ਦਸ ਸਾਲਾਂ ਤਕ ਜਾਰੀ ਰਿਹਾ। ਇਹਨਾਂ ਦਸਾਂ ਸਾਲਾਂ ਵਿਚ ਜਾਪਾਨ ਨੇ ਸਾਰਾ ਮਨਚੋਰੀਆ ਚੀਨ ਪਾਸੋਂ ਖੋਹ ਲਿਆ ਤੇ ਬਾਕੀ ਦੇ ਚੀਨ ਨੂੰ ਹੜੱਪ ਕਰਨ ਲਈ ਵੀ ਅੰਦਰੋ ਅੰਦਰ ਚੀਨੀ ਗੌਰਮਿੰਟ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿਤਾ।

ਏਹਨਾਂ ਭਿਆਨਕ ਹਾਲਾਤ ਵਿਚ ਜੇ ਕਿਸੇ ਨੇ ਚੀਨੀ ਦੇਸ਼ ਭਗਤੀ ਦੀ ਜੋਤ ਨੂੰ ਜਗਦਿਆਂ ਰਖਿਆ, ਜੇ ਕਿਸੇ ਨੇ ਸੁਨ-ਯਤ-ਸੇਨ ਦੇ ਤਿੰਨ ਮੁਖ ਮੰਤਵਾਂ ਤੇ ਤਿੰਨ ਲੋਕ-ਅਸੂਲਾਂ ਤੇ ਫੁਲ ਚੜ੍ਹਾਉਣ ਲਈ ਲਗਾਤਾਰ ਯਤਨ ਕੀਤੇ ਤਾਂ ਉਹ ਚੀਨ ਦੇ ਕਮਿਊਨਿਸਟ ਸਨ। 'ਜੀਊਂਦਾ ਚੀਨ' ਇਹਨਾਂ ਚੀਨ ਨੂੰ ਜਿਊਂਦਾ ਰਖਣ ਵਾਲੇ ਸੂਰਬੀਰਾਂ ਦੀ ਅਮਰ ਕਹਾਣੀ ਹੈ। ਇਹ ਨਾ ਸਿਰਫ਼ ਉਹਨਾਂ ਦੀ ਆਪਣੀ ਕਹਾਣੀ ਹੈ, ਸਗੋਂ ਓਸ ਬਦਲ ਰਹੀ ਮਨੁਖਤਾ, ਓਸ ਜਾਗ ਰਹੀ ਤੇ ਖ਼ੂਨੀ ਸੰਗਰਾਮਾਂ ਰਾਹੀਂ ਅਗੇ ਵਧ ਰਹੀ ਇਨਸਾਨੀਅਤ ਦੀ ਵੀ ਕਹਾਣੀ ਹੈ, ਜਿਸ ਨੂੰ ਇਹਨਾਂ ਸੂਰਬੀਰਾਂ ਨੇ ਆਪਣੇ ਅਣਥੱਕ ਤੇ ਆਪਾ-ਵਾਰੂ ਕੰਮ ਰਾਹੀਂ ਇਸ ਯੋਗ ਬਣਾਇਆ ਹੈ ਕਿ ਉਹ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.